*Quest Journals*
*Journal of Research in Humanities and Social Science*
*Volume 10 ~ Issue 11 (2022) pp: 217-223*
*ISSN(Online):2321-9467*
[www.questjournals.org](http://www.questjournals.org)

**Research Paper**

# ਪੰਜਾਬੀ ਦੀ ਸਾਹਿਤਕ ਪੱਤਰਕਾਰੀ

## ਸੁਖਦੀਪ ਕੌਰ

**ਖੋਜਾਰਥੀ (ਪੰਜਾਬ ਯੂਨੀਵਰਸਿਟੀ ,ਚੰਡੀਗੜ੍ਹ)**

*Received 06 Nov., 2022; Revised 18 Nov., 2022; Accepted 20 Nov., 2022* *© The author(s) 2022.*
*Published with open access at **www.questjournals.org***

ਸਾਹਿਤਕ ਪੱਤਰਕਾਰੀ ਤੋਂ ਭਾਵ ਹੈ ਕਿ 'ਸਾਹਿਤ' ਅਤੇ 'ਪੱਤਰਕਾਰੀ' ਦੇ ਦੋ ਵੱਖ-ਵੱਖ ਅਰਥਾਂ ਵਾਲੇ ਅਨੁਸ਼ਾਸਨਾਂ ਦਾ ਜੁੱਟ। ਇਸ ਲਈ 'ਸਾਹਿਤਕ ਪੱਤਰਕਾਰੀ' ਦੇ ਅਰਥ ਨੂੰ ਸਮਝਣ ਅਤੇ ਪਰਿਭਾਸ਼ਤ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਕਿ 'ਸਾਹਿਤ' ਅਤੇ 'ਪੱਤਰਕਾਰੀ' ਦੋਹਾਂ ਨੂੰ ਵੱਖਰੇ-ਵੱਖਰੇ ਸੰਦਰਭਾਂ ਵਿੱਚ ਸਮਝਿਆ ਜਾਵੇ।

ਸਾਹਿਤ' ਉਹ ਰਚਨਾ ਹੈ, ਜਿਸ ਵਿੱਚ ਸਾਹਿਤਕਾਰ ਆਪਣੇ ਵਿਚਾਰਾਂ ਨੂੰ ਕਾਲਪਨਿਕ ਅਤੇ ਦਿਲ ਖਿੱਚਵੇਂ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਸਾਹਿਤ ਕਿਉਂਕਿ ਸਮਾਜ ਲਈ ਅਤੇ ਸਮਾਜ ਵਿੱਚੋਂ ਹੀ ਰਚਿਆ ਜਾਂਦਾ ਹੈ , ਇਸ ਲਈ ਸਮਾਜ ਦਾ ਅਟੁੱਟ ਅੰਗ ਹੁੰਦਾ ਹੈ। ਸਾਹਿਤ ਕਾਲ ਦੀ ਸੀਮਾ ਤੋਂ ਮੁਕਤ ਹੁੰਦਾ ਹੈ , ਕਿਉਂਕਿ ਇਹ ਇਤਿਹਾਸ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਵਰਤਮਾਨ ਵਿੱਚੋਂ ਗੁਜ਼ਰਦਾ ਹੋਇਆ ਭਵਿੱਖ ਵਿੱਚ ਦਾਖਿਲ ਹੁੰਦਾ ਹੈ। ਦੁਨੀਆਂ ਦਾ ਤਕਰੀਬਨ ਹਰ ਸਾਹਿਤ ਇਹਨਾਂ ਗੁਣਾਂ ਅਤੇ ਵਿਸ਼ੇਸ਼ਤਾਵਾਂ ਦਾ ਧਾਰਨੀ ਹੁੰਦਾ ਹੈ। ਇਕ ਸਾਹਿਤਕਾਰ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੀ ਰਚਨਾ ਨਾਲ ਸਮਾਜ ਨੂੰ ਸੇਧ ਦੇਵੇ ਅਤੇ ਪਾਠਕ ਨੂੰ ਉਸ ਵਿੱਚੋਂ ਸੁਹਜ ਅਤੇ ਸੇਧ ਪ੍ਰਾਪਤ ਹੋਵੇ। 'ਸਾਹਿਤ' ਸੰਬੰਧੀ ਡਾ.ਰਤਨ ਸਿੰਘ ਜੱਗੀ ਦੁਆਰਾ ਸੰਪਾਦਿਤ 'ਸਾਹਿਤ ਕੋਸ਼' ਵਿੱਚ ਦਿੱਤੀ ਇਹ ਪਰਿਭਾਸ਼ਾ ਵਿਚਾਰਨ ਯੋਗ ਹੈ, "ਸਾਹਿਤ ਇਕ ਸੂਖਮ ਕਲਾ ਹੈ ਜਿਸ ਦਾ ਉਦੇਸ਼ ਸੁਹਜ ਸੁਆਦ ਉਪਜਾਣਾ ਤੇ ਇਸ ਰਾਹੀਂ ਇਕ ਚੰਗੇਰੇ ਜੀਵਨ ਲਈ ਪ੍ਰੇਰਣਾ ਹੈ। ਇਹੀ ਕਾਰਣ ਹੈ ਕਿ ਸਾਹਿਤ ਨੂੰ ਜਨਤਾ ਦੀ ਡੰਗੋਰੀ ਵੀ ਕਿਹਾ ਜਾਂਦਾ ਹੈ।"[1]

ਜਿੱਥੇ 'ਸਾਹਿਤ' ਇੱਕ ਨਿਰੰਤਰ ਵਹਿਣ ਵਾਲੀ ਧਾਰਾ ਹੈ , ਉਥੇ ਪੱਤਰਕਾਰੀ ਵਰਤਮਾਨ ਨਾਲ ਸੰਬੰਧਿਤ ਇਕ ਅਜਿਹਾ ਪੇਸ਼ਾ ਹੈ ਜੋ ਤਤਕਾਲੀਨ ਖ਼ਬਰਾਂ ਅਤੇ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਇਹ ਪੇਸ਼ਕਾਰੀ ਸਮਾਚਾਰ ਪੱਤਰਾਂ/ਅਖ਼ਬਾਰਾਂ ਅਤੇ ਪੱਤਰਕਾਵਾਂ/ਮੈਗ਼ਜ਼ੀਨਾਂ ਦੁਆਰਾ ਕੀਤੀ ਜਾਂਦੀ ਹੈ। ਜ਼ਿਆਦਾਤਰ ਪੱਤਰ ਦੈਨਿਕ ਅਤੇ ਸਪਤਾਹਿਕ ਹੁੰਦੇ ਹਨ ਅਤੇ ਮੈਗ਼ਜ਼ੀਨ ਦੀ ਅਵਧੀ ਮਾਸਿਕ , ਦੋ-ਮਾਸਿਕ, ਤ੍ਰੈ-ਮਾਸਿਕ, ਚੌ- ਮਾਸਿਕ, ਛਿਮਾਹੀ ਅਤੇ ਸਲਾਨਾ ਹੁੰਦੀ ਹੈ। ਅਸਲ ਵਿੱਚ ਪੱਤਰਕਾਰੀ ਦਾ ਆਧੁਨਿਕ ਸਮਾਜ ਵਿੱਚ ਬਹੁਤ ਅਹਿਮ ਯੋਗਦਾਨ ਹੈ, ਕਿਉਂਕਿ ਕਿਸੇ ਵੀ ਵਾਪਰੀ ਘਟਨਾ ਦੀ ਸੂਚਨਾ ਪਾਠਕਾਂ ਤੱਕ ਪੱਤਰਕਾਰੀ ਜ਼ਰੀਏ ਹੀ ਸੰਭਵ ਹੋਈ ਹੈ। ਇਸ ਸੰਬੰਧੀ ਆਲੋਕ ਮਹਿਤਾ ਦੇ ਇਹ ਸ਼ਬਦ ਵਿਚਾਰੇ ਜਾ ਸਕਦੇ ਹਨ, "ਪੱਤਰਕਾਰੀ ਪਾਠਕ ਨੂੰ ਦੱਸਦੀ ਹੈ ਕਿ ਉਸਦੇ ਆਲੇ ਦੁਆਲੇ ਕੀ ਵਾਪਰ ਰਿਹਾ ਹੈ। ਪੱਤਰਕਾਰੀ ਇਕ ਉਦਯੋਗ ਹੈ , ਇਕ ਪੇਸ਼ਾ ਹੈ ਇਸਦੇ ਨਾਲ-ਨਾਲ ਇਹ ਇਕ ਮਿਸ਼ਨ ਵੀ ਹੈ। ਪੱਤਰਕਾਰੀ ਦੇ ਦੋ ਮੁੱਖ ਉਦੇਸ਼ ਹਨ। ਪਹਿਲਾ ਸੂਚਨਾ ਦੇਣਾ ਭਾਵ ਘਟਨਾ ਦੀ ਰਿਪੋਰਟ ਕਰਨਾ ਅਤੇ ਦੂਸਰਾ, ਖ਼ਬਰ ਦੀ ਵਿਆਖਿਆ ਕਰਨੀ ਅਤੇ ਖ਼ਬਰ ਉਤੇ ਆਧਾਰਿਤ ਰਾਏ ਬਣਾਉਣੀ।"[2]

ਇਸ ਪ੍ਰਕਾਰ 'ਸਾਹਿਤ' ਅਤੇ 'ਪੱਤਰਕਾਰੀ' ਦੋ ਅੱਡ-ਅੱਡ ਅਨੁਸ਼ਾਸਨ ਹਨ। ਦੋਹਾਂ ਦੇ ਰੂਪ , ਸ਼ੈਲੀ, ਭਾਸ਼ਾ, ਸਰੋਕਾਰ ਆਦਿ ਵੱਖਰੇ-ਵੱਖਰੇ ਹਨ। ਅਸੀਂ ਸਾਹਿਤ ਨੂੰ ਕਦੀ ਵੀ ਪੱਤਰਕਾਰੀ ਦੇ ਸਾਂਚੇ ਵਿੱਚ ਨਹੀਂ ਢਾਲ ਸਕਦੇ ਅਤੇ ਪੱਤਰਕਾਰੀ ਕਦੀ ਸਾਹਿਤ ਨਹੀਂ ਹੋ ਸਕਦੀ। ਪਰ ਜਦੋਂ ਅਸੀਂ 'ਸਾਹਿਤਕ ਪੱਤਰਕਾਰੀ' ਦੀ ਗੱਲ ਕਰਦੇ ਹਾਂ ਤਾਂ ਮੁੱਖ ਤੌਰ ਤੇ ਜੋ ਗੱਲ ਸਾਹਮਣੇ ਆਉਂਦੀ ਹੈ , ਉਹ ਇਹ ਹੈ ਕਿ ਸਾਹਿਤਕ ਪੱਤਰਕਾਰੀ

ਸਾਹਿਤ ਦੇ ਵੱਧ ਨੇੜੇ ਹੈ ਜਾਂ ਪੱਤਰਕਾਰੀ ਦੇ ? ਇਸਨੂੰ ਕਿਹੜੀ ਵਿਧਾ ਵਿੱਚ ਰੱਖਿਆ ਜਾਵੇ ? ਕੀ 'ਸਾਹਿਤਕ ਪੱਤਰਕਾਰੀ' ਆਪਣੇ ਆਪ ਵਿੱਚ ਇਕ ਨਵੀਂ ਅਤੇ ਸੁਤੰਤਰ ਵਿਧਾ ਹੈ? ਕੀ 'ਸਾਹਿਤਕ ਪੱਤਰਕਾਰੀ' ਦੇ ਸਰੋਕਾਰ ਅਤੇ ਵਿਸ਼ੇਸ਼ਤਾਵਾਂ 'ਸਾਹਿਤ' ਅਤੇ 'ਪੱਤਰਕਾਰੀ' ਨਾਲੋਂ ਅਲੱਗ ਹਨ? ਇਹਨਾਂ ਸਾਰੇ ਸਵਾਲਾਂ ਦੇ ਜੁਆਬ ਲੱਭਣ ਲਈ ਜ਼ਰੂਰੀ ਹੈ ਕਿ ਅਸੀਂ 'ਸਾਹਿਤਕ ਪੱਤਰਕਾਰੀ' ਨੂੰ ਚੰਗੀ ਤਰਾਂ ਸਮਝੀਏ ਅਤੇ ਵਿਚਾਰੀਏ।

ਜਦੋਂ ਅਸੀਂ ਸਾਹਿਤਕ ਪੱਤਰਕਾਰੀ ਨੂੰ ਪ੍ਰਮਾਣਿਤ ਸ਼ਬਦਾਂ ਵਿੱਚ ਬਿਆਨਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਸ ਨਾਲ ਸੰਬੰਧਿਤ ਦੋ ਅਲੱਗ-ਅਲੱਗ ਧਾਰਨਾਵਾਂ ਉਜਾਗਰ ਹੁੰਦੀਆਂ ਹਨ। ਇਹਨਾਂ ਦੋਹਾਂ ਧਾਰਨਾਵਾਂ ਵਿੱਚ 'ਸਾਹਿਤਕ ਪੱਤਰਕਾਰੀ' ਨੂੰ ਦੋ ਵੱਖ-ਵੱਖ ਅਰਥਾਂ ਵਿੱਚ ਪਰਿਭਾਸ਼ਿਤ ਅਤੇ ਪੇਸ਼ ਕੀਤਾ ਗਿਆ ਹੈ। ਇਸ ਲਈ 'ਸਾਹਿਤਕ ਪੱਤਰਕਾਰੀ' ਖਾਸ ਕਰਕੇ 'ਪੰਜਾਬੀ ਦੀ ਸਾਹਿਤਕ ਪੱਤਰਕਾਰੀ ' ਨੂੰ ਸਮਝਣ ਲਈ ਸਾਨੂੰ ਦੋਹਾਂ ਧਾਰਨਾਵਾਂ ਜਾਂ ਇੰਝ ਕਿਹਾ ਜਾਵੇ ਕਿ 'ਸਾਹਿਤਕ ਪੱਤਰਕਾਰੀ' ਨਾਲ ਸੰਬੰਧਿਤ ਦੋ ਵੱਖ-ਵੱਖ ਸਕੂਲਾਂ ਬਾਰੇ ਵਿਸਥਾਰ ਨਾਲ ਚਰਚਾ ਕਰਨੀ ਹੋਵੇਗੀ।

ਪਹਿਲੇ ਸਕੂਲ ਨੂੰ ਮਾਨਤਾ ਦੇਣ ਵਾਲੇ ਵਿਦਵਾਨਾਂ ਦਾ ਇਹ ਮੱਤ ਹੈ ਕਿ 'ਸਾਹਿਤਕ ਪੱਤਰਕਾਰੀ' ਉਹ ਹੈ ਜਦੋਂ ਸਾਹਿਤ ਦੇ ਵੱਖ-ਵੱਖ ਰੂਪ ਜਿਵੇਂ ਨਾਵਲ, ਕਹਾਣੀ, ਨਾਟਕ, ਕਵਿਤਾ, ਗ਼ਜ਼ਲ, ਗੀਤ, ਰਿਪੋਤਰਾਜ, ਸਫ਼ਰਨਾਮਾ, ਰੇਖਾ ਚਿੱਤਰ, ਆਲੋਚਨਾ, ਪੁਸਤਕ ਰੀਵਿਊ ਆਦਿ ਪੱਤਰਾਂ ਅਤੇ ਪੱਤਰਕਾਵਾਂ ਵਿਚ ਛਪ ਕੇ ਲੋਕਾਂ ਤੱਕ ਪੁਹੰਚਦੇ ਹਨ। ਇਸ ਤਰ੍ਹਾਂ ਇਸ ਸਕੂਲ ਦੇ ਸਮਰਥਕ ਵਿਦਵਾਨ 'ਸਾਹਿਤਕ ਪੱਤਰਕਾਰੀ' ਨੂੰ ਵੀਹਵੀਂ ਸਦੀ ਦੇ ਆਰੰਭਲੇ ਦਹਾਕਿਆਂ ਨਾਲ ਜੋੜਦੇ ਹਨ , ਜਦੋਂ ਸਾਹਿਤਕ ਪੱਤਰਕਾਵਾਂ ਦੇ ਛਪਣ ਦਾ ਦੌਰ ਸ਼ੁਰੂ ਹੋਇਆ ਸੀ। ਹਿੰਦੀ ਸਾਹਿਤ ਦੇ ਜ਼ਿਆਦਾਤਰ ਵਿਦਵਾਨ ਪਹਿਲੇ ਸਕੂਲ ਦੇ ਸਮਰਥਕ ਹਨ। ਹਿੰਦੀ ਦੇ ਕਈ ਸਾਹਿਤਕਾਰਾਂ ਨੇ ਸਾਹਿਤ ਰਚਨਾ ਦੇ ਨਾਲ ਨਾਲ ਕਈ ਨਾਮਵਰ ਸਾਹਿਤਕ ਪੱਤਰਕਾਵਾਂ ਦਾ ਸੰਪਾਦਨ ਵੀ ਕੀਤਾ। ਜਿਵੇਂ ਕਿ ਮੁਨਸ਼ੀ ਪ੍ਰੇਮ ਚੰਦ ਨੇ **ਹੰਸ**, **ਮਾਧੁਰੀ**, **ਜਾਗਰਣ** ਦਾ ਸੰਪਾਦਨ ਕੀਤਾ। **ਹੰਸ** ਉਸ ਸਮੇਂ ਦੀ ਬਹੁਤ ਪ੍ਰਸਿੱਧ ਸਾਹਿਤਕ ਪੱਤ੍ਰਿਕਾ ਸੀ । ਸੂਰਯ ਕਾਂਤ ਤਿਰਪਾਠੀ ਨਿਰਾਲਾ ਨੇ ਵੀ **ਸਰਸਵਤੀ**, **ਆਦਰਸ਼** ਅਤੇ **ਮਤਵਾਲਾ** ਦਾ ਸੰਪਾਦਨ ਕੀਤਾ। **ਮਤਵਾਲਾ** ਵਿੱਚ ਨਿਰਾਲਾ ਜੀ ਦੀਆਂ ਕਵਿਤਾਵਾਂ ਲੋਕਾਂ ਲਈ ਆਦਤ ਬਣ ਗਈਆਂ ਸਨ। ਇਸ ਤਰ੍ਹਾਂ ਹੋਰ ਵੀ ਕਈ ਸਹਿਤਕਾਰਾਂ ਨੇ ਪੱਤਰਕਾਰੀ ਕਰਦੇ ਹੋਏ 'ਸਾਹਿਤਕ ਪੱਤਰਕਾਰੀ' ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ।

16-17 ਨਵੰਬਰ, 2011 ਵਿੱਚ ਪੰਜਾਬੀ ਯੂਨੀਵਰਸਿਟੀ , ਪਟਿਆਲਾ ਵਿਖੇ ਹੋਈ ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ ਵਿੱਚ ਸਾਹਿਤਕ ਪੱਤਰਕਾਰੀ ਬਾਰੇ ਪੜ੍ਹੇ ਗਏ ਖੋਜ ਪੱਤਰਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਪੰਜਾਬੀ ਦੇ ਵੀ ਬਹੁਤ ਸਾਰੇ ਵਿਦਵਾਨ ਪਹਿਲੇ ਸਕੂਲ ਦੇ ਧਾਰਨੀ ਹਨ। ਪੰਜਾਬੀ ਸਾਹਿਤਕ ਪੱਤਰਕਾਰੀ ਦਾ ਆਰੰਭ ਵੀ ਪੰਜਾਬੀ ਦੀਆਂ ਮੁੱਢਲੀਆਂ ਸਾਹਿਤਕ ਪੱਤਰਕਾਵਾਂ ਤੋਂ ਹੀ ਮੰਨਿਆ ਜਾਂਦਾ ਹੈ। ਪੰਜਾਬੀ ਦੀਆਂ ਰਾਜਨੀਤਕ ਪੱਤਰਕਾਵਾਂ ਜਿਵੇਂ ਗ਼ਦਰ, ਗ਼ਦਰ ਗੂੰਜਾਂ ਆਦਿ ਜਿਨ੍ਹਾਂ ਦਾ ਮਕਸਦ ਲੋਕਾਂ ਵਿਚ ਆਜ਼ਾਦੀ ਦੀ ਚਿਣਗ ਪੈਦਾ ਕਰਨਾ ਸੀ, ਦੇ ਪ੍ਰਕਾਸ਼ਨ ਤੋਂ ਬਾਅਦ ਸਾਹਿਤ ਨੂੰ ਪ੍ਰਫੁਲਿੱਤ ਕਰਨ ਲਈ ਕਈ ਮਸ਼ਹੂਰ ਸਾਹਿਤਕਾਰਾਂ ਜਿਵੇਂ ਪ੍ਰੋ: ਮੋਹਨ ਸਿੰਘ , ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅਮ੍ਰਿਤਾ ਪ੍ਰੀਤਮ, ਚਰਨ ਸਿੰਘ ਸ਼ਹੀਦ ਆਦਿ ਨੇ ਸਾਹਿਤਕ ਪੱਤਰਕਾਵਾਂ ਦੇ ਸੰਪਾਦਨ ਦਾ ਬੀੜਾ ਚੁੱਕਿਆ। ਸੁਰਿੰਦਰ ਸਿੰਘ ਖਹਿਰਾ ਸਾਹਿਤਕ ਪੱਤਰਕਾਵਾਂ ਦੇ ਸੰਬੰਧ ਵਿੱਚ ਲਿਖਦੇ ਹਨ ,"ਇਸ ਸਦੀ ਦੇ ਤੀਸਰੇ ਅਤੇ ਚੌਥੇ ਦਹਾਕੇ ਵਿੱਚ ਪੰਜਾਬੀ ਦੀ ਸਾਹਿੱਤਕ ਪੱਤਰਕਾਰੀ ਦੇ ਇਤਿਹਾਸ ਵਿਚ 'ਪ੍ਰੀਤਮ'(1923), ਫੁਲਵਾੜੀ(1924) ਅਤੇ ਪ੍ਰੀਤਲੜੀ(1933) ਤਿੰਨ ਪ੍ਰਮੁੱਖ ਪੱਤਰ ਸਨ। ਜਿਨ੍ਹਾਂ ਦੀ ਪ੍ਰਕਾਸ਼ਨਾ ਦਾ ਉਦੇਸ਼ ਸਾਹਿੱਤਕ ਮਿਥਿਆ ਗਿਆ ਸੀ।"[3]

ਪੰਜਾਬੀ ਦੀਆਂ ਆਰੰਭਲੀਆਂ ਸਾਹਿਤਕ ਪੱਤਰਕਾਵਾਂ ਮੁੱਖ ਤੌਰ ਤੇ ਤਿੰਨ ਪੱਖਾਂ ਨੂੰ ਸਮਰਪਿਤ ਸਨ ਜਿਵੇਂ ਕਿ ਆਜ਼ਾਦੀ , ਸਾਹਿਤ ਅਤੇ ਸਮਾਜ ਸੁਧਾਰ। ਇਹਨਾਂ ਵਿੱਚ ਪ੍ਰਕਾਸ਼ਤ ਹੋਣ ਵਾਲੇ ਸਾਰੇ ਸਾਹਿਤ ਰੂਪ ਕਹਾਣੀ , ਲੇਖ, ਕਵਿਤਾ, ਗੀਤ, ਗ਼ਜ਼ਲ, ਜੀਵਨੀ ਆਦਿ ਦਾ ਵਿਸ਼ਾ ਹਮੇਸ਼ਾਂ ਇਹਨਾਂ ਤਿੰਨਾਂ ਪੱਖਾਂ ਉਪਰ ਕੇਂਦਰਿਤ ਰਿਹਾ। ਇਹਨਾਂ ਤੋਂ ਇਲਾਵਾ **ਮੌਜੀ, ਕਵਿਤਾ, ਲਿਖਾਰੀ, ਪ੍ਰੀਤ ਸੈਨਿਕ, ਪੰਜ ਦਰਿਆ, ਪੰਜਾਬੀ ਹੰਸ, ਪੰਜਾਬੀ ਸਾਹਿਤ** ਆਦਿ ਨਿਰੋਲ ਸਾਹਿਤਕ ਅਤੇ ਆਲੋਚਨਾਤਮਕ ਪੱਤਰਕਾਵਾਂ ਦਾ ਵੀ 'ਸਾਹਿਤਕ ਪੱਤਰਕਾਰੀ' ਨੂੰ ਨਿਖਾਰਨ ਵਿੱਚ ਅਹਿਮ ਯੋਗਦਾਨ ਹੈ।

ਪੰਜਾਬੀ ਦੀਆਂ ਸਾਹਿਤਕ ਪੱਤਰਕਾਵਾਂ ਉਸ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਵਿੱਚ ਵੀ ਨਵੇਂ ਨਾਵਾਂ ਅਤੇ ਨਵੇਂ ਸੰਪਾਦਕਾਂ ਦੀ ਰਹਿਨੁਮਾਈ ਵਿੱਚ 'ਸਾਹਿਤਕ ਪੱਤਰਕਾਰੀ' ਵਿੱਚ ਅਹਿਮ ਯੋਗਦਾਨ ਪਾ ਰਹੀਆ ਹਨ। ਇਹਨਾਂ ਦੇ ਪ੍ਰਕਾਸ਼ਨ ਕਾਰਨ ਬਹੁਤ ਸਾਰੇ ਨਵੇਂ ਲੇਖਕਾਂ ਨੂੰ ਮੌਕਾ ਮਿਲਿਆ ਅਤੇ ਮਿਲ ਰਿਹਾ ਹੈ। ਪੰਜਾਬੀ ਦੇ ਕਿੰਨੇ ਹੀ ਸਿਰਮੌਰ ਲੇਖਕ ਇ ਹਨਾਂ ਪੱਤਰਾਂ ਅਤੇ ਪੱਤਰਕਾਵਾਂ ਵਿਚ ਆਪਣੀ ਆਂ ਮੁੱਢਲੀਆਂ ਰਚਨਾਵਾਂ ਛਪਣ ਤੋਂ ਬਾਅਦ ਪ੍ਰਸਿੱਧੀ 'ਤੇ ਪਹੰਚੇ। ਇਸ ਪ੍ਰਕਾਰ ਸਾਹਿਤਕ ਪੱਤਰਕਾਰੀ ਸਾਹਿਤ ਦੇ ਸੰਚਾਰ ਦਾ ਮਾਧਿਅਮ ਬਣਦੀ ਹੈ। ਡਾ. ਮੇਘਾ ਸਿੰਘ 'ਸਾਹਿਤਕ ਪੱਤਰਕਾਰੀ' ਬਾਰੇ ਲਿਖਦੇ ਹਨ , "ਸਾਹਿਤਕ ਪੱਤਰਕਾਰੀ ਸਮੁੱਚੇ ਰੂਪ ਵਿੱਚ ਨਿਰੋਲ ਸਾਹਿਤਕ ਪੱਤਰਾਂ ਦੀ ਪ੍ਰਕਾਸ਼ਨਾ , ਹਰ ਕਿਸਮ ਦੇ ਪੱਤਰਾਂ ਵਿਚ ਪ੍ਰਕਾਸ਼ਤ ਮੌਲਿਕ ਤੇ ਸਿਰਜਣਾਤਮਕ ਰਚਨਾਵਾਂ , ਪੱਤਰਕਾਰਕ ਸਾਹਿਤਕ ਲਿਖਤਾਂ , ਪੁਸਤਕ ਰੀਵਿਊ, ਸਾਹਿਤਕ ਨਿਬੰਧ, ਜੀਵਨੀ ਅਤੇ ਸਾਹਿਤ ਸੰਸਾਰ ਨਾਲ ਜੁੜੀਆਂ ਹੋਰ ਗਤੀਵਿਧੀਆਂ ਦੀ ਜਾਣਕਾਰੀ ਤੇ ਸਾਹਿਤਕ ਸਮਾਗਮਾਂ ਦੀਆਂ ਰਿਪੋਰਟਾਂ ਆਦਿ ਦੀ ਪੇਸ਼ਕਾਰੀ ਹੈ।"[4]

ਜਿਸ ਪ੍ਰਕਾਰ ਕਿ ਸਪਸ਼ਟ ਹੈ ਕਿ ਪਹਿਲੇ ਸਕੂਲ ਦੀਆਂ ਮਾਨਤਾਵਾਂ ਉੱਪਰ ਆਧਾਰਿਤ ਸਾਹਿਤਕ ਪੱਤਰਕਾਰੀ ਸਾਹਿਤ ਦੇ ਵਧੇਰੇ ਨੇੜੇ ਹੈ। ਇਸ ਲਈ ਇਸਦੇ ਸਰੋਕਾਰ ਵੀ ਸਾਹਿਤ ਵਾਲੇ ਹੀ ਹਨ। ਸਾਹਿਤਕ ਪੱਤਰਕਾਰੀ ਜਰੀਏ ਸਾਹਿਤ ਦੇ ਕਈ ਨਵੇਂ ਰੂਪ ਸਾਹਮਣੇ ਆਏ। ਜਿਹੜੇ ਕਿ ਪ੍ਰਚਲਤ ਸਾਹਿਤਕ ਰੂਪਾਂ ਜਿਵੇਂ ਕਹਾਣੀ , ਕਵਿਤਾ, ਨਾਟਕ, ਨਾਵਲ, ਗ਼ਜ਼ਲ ਆਦਿ ਵਾਂਗ ਹੀ ਪਾਠਕਾਂ ਵਿੱਚ ਹਰਮਨ ਪਿਆਰੇ ਬਣੇ , ਜਿਵੇਂ ਕਿ ਰਿਪੋਤਰਾਜ, ਪੈਰੋਡੀ, ਕਾਵਿ-ਵਿਅੰਗ, ਸਵੈ-ਜੀਵਨੀ, ਮੁਲਾਕਾਤਾਂ, ਲਲਿਤ-ਨਿਬੰਧ, ਰੇਖਾ-ਚਿੱਤਰ, ਅਕਾਦਮਿਕ ਆਲੋਚਨਾ, ਟੇਬਲ-ਟਾਕ, ਮਿੰਨੀ ਨਾਵਲ ਆਦਿ। ਸਾਹਿਤਕ ਪੱਤਰਕਾਰੀ ਵੀ ਸਾਹਿਤ ਵਾਂਗ ਸਮੇਂ-ਸਮੇਂ ਚੱਲਣ ਵਾਲੀਆਂ ਰਾਜਨੀਤਕ ਲਹਿਰਾਂ ਅਤੇ ਵਾਦਾਂ ਤੋਂ ਪ੍ਰਭਾਵਿਤ ਹੁੰਦੀ ਰਹੀ, ਜਿਵੇਂ ਪ੍ਰਗਤੀਵਾਦ, ਜੁਝਾਰਵਾਦ, ਰਾਸ਼ਟਰਵਾਦ, ਅੱਤਵਾਦ ਆਦਿ। **ਇਕੱਤੀ ਫਰਵਰੀ, ਚੱਕਰ, ਸੇਧ, ਲਕੀਰ, ਮੁਹਾਂਦਰਾ** ਆਦਿ ਪ੍ਰਤੀਬੱਧ ਪੱਤਰਕਾਵਾਂ ਦੀਆਂ ਉਦਾਹਰਨਾਂ ਹਨ। ਜਿਸ ਪ੍ਰਕਾਰ ਸਾਹਿਤ ਵਿਚ ਪ੍ਰਵੇਸ਼ ਕਰਨ ਵਾਲਾ ਹਰ ਸਾਹਿਤਕਾਰ ਕਿਸੇ ਮਨੋਰਥ ਨੂੰ ਸਾਹਮਣੇ ਰੱਖ ਕੇ ਸਾਹਿਤ ਲਿਖਦਾ ਹੈ। ਇਸੇ ਪ੍ਰਕਾਰ ਸਾਹਿਤਕ ਪੱਤਰਾਂ ਵਿੱਚ ਛਪਣ ਵਾਲੇ ਲੇਖਕ ਕੁਝ ਨਵਾਂ ਕਰਨ ਦੇ ਉਤਸ਼ਾਹ ਨਾਲ , ਕਿਸੇ ਵਿਚਾਰਧਾਰਕ ਪ੍ਰਤੀਬੱਧਤਾ ਕਾਰਨ ਜਾਂ ਫਿਰ ਨਾਮ ਖੱਟਣ ਦੀ ਲਾਲਸਾ ਕਾਰਨ 'ਸਾਹਿਤਕ ਪੱਤਰਕਾਰੀ' ਦੀ ਸਿਰਜਣਾ ਵੱਲ ਪ੍ਰੇਰਿਤ ਹੁੰਦੇ ਹਨ।

ਪਹਿਲੇ ਸਕੂਲ ਦੀਆਂ ਮਾਨਤਾਵਾਂ ਅਨੁਸਾਰ ਸਾਹਿਤਕ ਪੱਤਰਕਾਰੀ ਦੇ ਸਰੋਕਾਰਾਂ ਬਾਰੇ ਚਰਚਾ ਕਰਨ ਤੋਂ ਬਾਅਦ ਇਸ ਦੀਆਂ ਵਿਸ਼ੇਸ਼ਤਾਵਾਂ ਦਾ ਵੇਰਵਾ ਇਸ ਪ੍ਰਕਾਰ ਹਨ

- ਸਾਹਿਤਕ ਪੱਤਰਕਾਰੀ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ।
- ਪੰਜਾਬੀ ਭਾਸ਼ਾ ਨੂੰ ਵਿਕਸਿਤ ਕਰਨ ਵਿੱਚ ਇਸ ਨੇ ਅਹਿਮ ਭੂਮਿਕਾ ਨਿਭਾਈ। ਸਾਹਿਤਕ ਪੱਤਰਕਾਰੀ ਨੇ ਹੀ ਪੰਜਾਬੀਆਂ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁੱਖੀ ਲਿਪੀ ਲਈ ਚੇਤਨਾ ਅਤੇ ਸਤਿਕਾਰ ਪੈਦਾ ਕੀਤਾ।
- ਸਾਹਿਤਕ ਪੱਤਰਕਾਰੀ ਦੀ ਇਕ ਮੁੱਖ ਵਿਸ਼ੇਸ਼ਤਾ ਪੰਜਾਬੀ ਸਾਹਿਤ ਨੂੰ ਕਵਿਤਾ ਦੀ ਵਿਸ਼ਾਲ ਵਲਗਣ ਵਿੱਚ ਕੱਢ ਕੇ ਵਾਰਤਕ ਦਾ ਰੂਪ ਪ੍ਰਦਾਨ ਕਰਨਾ ਸੀ।
- ਜ਼ਿਆਦਾਤਰ ਸੰਪਾਦਕ ਵਿਸ਼ਵ ਸਾਹਿਤ ਚਿੰਤਨ ਦੇ ਅਨੁਯਾਈ ਸਨ , ਜਿਸ ਕਾਰਨ ਚੰਗੇ ਪੱਧਰ ਦਾ ਸਾਹਿਤ ਲੋਕਾਂ ਦੀ ਪਹੁੰਚ ਵਿੱਚ ਆ ਗਿਆ।
- ਸਾਹਿਤਕ ਪੱਤਰਕਾਰੀ ਤਹਿਤ ਹੋਰ ਭਾਰਤੀ ਭਾਸ਼ਾਵਾਂ ਜਿਵੇਂ ਬੰਗਾਲੀ , ਮਰਾਠੀ, ਕੱਨੜ ਆਦਿ ਦਾ ਚੰਗਾ ਸਾਹਿਤ ਪੰਜਾਬੀ ਵਿਚ ਅਨੁਵਾਦ ਕਰਕੇ ਛਾਪਿਆ ਗਿਆ। ਇਸ ਕਾਰਨ ਪਾਠਕਾਂ ਵਿੱਚ ਸਭਿਆਚਾਰਕ ਅਤੇ ਵਿਚਾਰਧਾਰਕ ਚੇਤਨਾ ਪੈਦਾ ਹੋਈ।

ਭਾਵੇਂ ਕਿ ਜ਼ਿਆਦਾਤਰ ਵਿਦਵਾਨ ਸਾਹਿਤਕ ਪੱਤਰਕਾਰੀ ਦੇ ਪਹਿਲੇ ਸਕੂਲ ਦੇ ਹਮਾਇਤੀ ਹਨ , ਪਰ ਇਥੇ ਸਵਾਲ ਪੈਦਾ ਹੁੰਦੇ ਹਨ ਕਿ ਕੀ ਸਿਰਫ ਅਖ਼ਬਾਰਾਂ ਅਤੇ ਮੈਗ਼ਜ਼ੀਨਾਂ ਵਿੱਚ ਛਪਣ ਕਾਰਨ ਹੀ ਸਾਹਿਤ ਦੇ ਸਾਰੇ ਰੂਪ ਕਹਾਣੀ , ਨਾਟਕ, ਨਾਵਲ, ਇਕਾਂਗੀ, ਸਫ਼ਰਨਾਮਾ, ਰੇਖਾ-ਚਿੱਤਰ ਆਦਿ ਪ੍ਰਚਲਤ ਸਾਹਿਤ ਰੂਪਾਂ ਤੋਂ ਵੱਖ ਹੋ ਜਾਂਦੇ ਹਨ ? ਪਹਿਲੇ ਸਕੂਲ ਦੇ ਸਮਰਥਕ ਵਿਦਵਾਨ 'ਸਾਹਿਤਕ ਪੱਤਰਕਾਰੀ' ਨੂੰ ਸਾਹਿਤ ਦੇ ਇਕ ਹਿੱਸੇ ਵਜੋਂ ਸਵਿਕਾਰ ਕਰਦੇ ਹਨ , ਕਿਸੇ ਵੱਖਰੀ ਹੋਂਦ ਵਜੋਂ ਨਹੀਂ। ਕੀ ਸਿਰਫ ਸੰਚਾਰ ਦੇ ਮਾਧਿਅਮ ਵਿਚਲੇ ਫ਼ਰਕ ਕਾਰਨ ਪੁਸਤਕਾਂ ਵਿਚਲਾ ਸਾਹਿਤ ਅਤੇ ਪੱਤਰਾਂ-ਪੱਤਰਕਾਵਾਂ ਵਿਚਲਾ ਸਾਹਿਤ ਦੋ ਅੱਡ-ਅੱਡ ਵੰਨਗੀਆਂ ਦਾ ਹੋ ਜਾਂਦਾ ਹੈ ? ਜਿਸ ਤਰਾਂ ਕਿ ਪਹਿਲੇ ਸਕੂਲ ਦੇ ਸਮਰਥਕਾਂ ਦਾ ਮੰਨਣਾ ਹੈ ਕਿ ਨਿਰੋਲ ਸਾਹਿਤ ਕਦੀ ਪੱਤਰਕਾਰੀ ਨਹੀਂ ਹੋ ਸਕਦਾ ਪਰ ਉਹੀ ਸਾਹਿਤ ਪੱਤਰਾਂ ਅਤੇ ਪੱਤਰਕਾਵਾਂ ਵਿਚ ਛਪਣ

ਕਾਰਨ ਪੱਤਰਕਾਰੀ ਦਾ ਰੂਪ ਧਾਰਨ ਕਰਕੇ 'ਸਾਹਿਤਕ ਪੱਤਰਕਾਰੀ' ਕਿਵੇਂ ਹੋ ਨਿਬੜਦਾ ਹੈ? ਇਸ ਪ੍ਰਕਾਰ ਸਾਹਿਤਕ ਪੱਤਰਕਾਰੀ ਦੇ ਪਹਿਲੇ ਸਕੂਲ ਸੰਬੰਧੀ ਕੁਝ ਸਵਾਲ ਉਤਪੰਨ ਹੁੰਦੇ ਹਨ ਜੋ ਇਸ ਦੇ ਮਤ ਉਪਰ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ।
ਪੰਜਾਬੀ 'ਸਾਹਿਤਕ ਪੱਤਰਕਾਰੀ' ਸੰਬੰਧੀ ਦੂਸਰਾ ਸਕੂਲ ਉਹਨਾਂ ਵਿਦਵਾਨਾਂ ਦਾ ਹੈ ਜਿਹੜੇ ਕਿ ਪੱਛਮ ਦੀ ਸਾਹਿਤਕ ਪੱਤਰਕਾਰੀ ਦਾ ਅਨੁਸਰਣ ਕਰਦੇ ਹਨ। ਇਹਨਾਂ ਵਿਦਵਾਨਾਂ ਦਾ ਮਤ ਹੈ ਕਿ ਪੱਤਰਕਾਰੀ ਤਾਂ ਸਾਹਿਤ ਵਿੱਚ ਸ਼ਾਮਿਲ ਨਹੀਂ ਹੋ ਸਕਦੀ। ਪਰ ਜਦੋਂ ਸਾਹਿਤ , ਪੱਤਰਕਾਰੀ ਵਿੱਚ ਦਾਖਿਲ ਹੁੰਦਾ ਹੈ ਅਤੇ ਜਦੋਂ ਪੱਤਰਕਾਰੀ ਸਾਹਿਤ ਦੀ ਸ਼ੈਲੀ ਅਤੇ ਭਾਸ਼ਾ ਦੀ ਵਰਤੋਂ ਕਰਕੇ ਕਿਸੇ ਸੱਚੀ ਘਟਨਾ ਜਾਂ ਖ਼ਬਰ ਨੂੰ ਪਾਠਕਾਂ ਦੇ ਸਨਮੁੱਖ ਪੇਸ਼ ਕਰਦੀ ਹੈ ਤਾਂ ਇਸ ਨੂੰ ਸਾਹਿਤਕ ਪੱਤਰਕਾਰੀ ਕਿਹਾ ਜਾਂਦਾ ਹੈ। ਅਮਰਜੀਤ ਸਿੰਘ ਵੜੈਚ ਸਾਹਿਤਕ ਪੱਤਰਕਾਰੀ ਦੇ ਸੰਕਲਪ ਨੂੰ ਤਲਾਸ਼ਦੇ ਹੋਏ ਲਿਖਦੇ ਹਨ , "ਪੱਤਰਕਾਰੀ ਵਿੱਚ ਸੱਚ ਆਧਾਰਿਤ ਜਾਣਕਾਰੀ ਦਾ ਅੰਸ਼ ਤਰਜੀਹੀ ਹੁੰਦਾ ਹੈ ਅਤੇ ਸਾਹਿਤ ਵਿੱਚ ਕਲਪਨਾ ਦਾ ਅੰਸ਼ ਮਹੱਤਵਪੂਰਨ ਹੈ। ਪਰ ਇਕ ਗੱਲ ਬੜੀ ਸਪੱਸ਼ਟ ਹੈ ਕਿ ਪੱਤਰਕਾਰੀ ਸਾਹਿਤ ਵਿਚ ਪਰਵੇਸ਼ ਨਹੀਂ ਕਰ ਸਕਦੀ ਪਰ ਸਾਹਿਤ ਸੂਖਸ਼ਮ ਰੂਪ ਵਿੱਚ ਪੱਤਰਕਾਰੀ ਦੇ ਸੁਹਜ ਦਾ ਅੰਗ ਬਣ ਜਾਂਦਾ ਹੈ। ਸਾਹਿਤ ਪੱਤਰਕਾਰੀ ਦੀ ਸ਼ੈਲੀ ਅਤੇ ਸ਼ਬਦਾਵਲੀ ਨਹੀਂ ਗ੍ਰਹਿਣ ਕਰਦਾ ਪਰ ਪੱਤਰਕਾਰੀ ਸਾਹਿਤ ਦੀ ਸ਼ੈਲੀ ਅਤੇ ਸ਼ਬਦਾਵਲੀ ਗ੍ਰਹਿਣ ਕਰ ਸਕਦੀ ਹੈ"।[5]

'ਪੰਜਾਬੀ ਦੀ ਸਾਹਿਤਕ ਪੱਤਰਕਾਰੀ ' ਦੇ ਦੂਸਰੇ ਸਕੂਲ ਦੇ ਸਮਰਥਕ ਵਿਦਵਾਨਾਂ ਵਲੋਂ ਦਿੱਤੀ ਪਰਿਭਾਸ਼ਾ ਨੂੰ ਸਮਝਣ ਅਤੇ ਪਰਖਣ ਤੋਂ ਪਹਿਲਾ ਇਹ ਜ਼ਰੂਰੀ ਹੈ ਕਿ 'ਪੱਛਮੀ ਸਾਹਿਤਕ ਪੱਤਰਕਾਰੀ' ਸੰਬੰਧੀ ਜਾਣਿਆ ਜਾਵੇ। 'ਪੱਛਮੀ ਸਾਹਿਤਕ ਪੱਤਰਕਾਰੀ' ਦਾ ਆਰੰਭ ਅਮਰੀਕਾ ਵਿੱਚ 1960 ਦੇ ਅੰਤਲੇ ਅਤੇ 1970 ਦੇ ਮੁੱਢਲੇ ਸਾਲਾਂ ਵਿੱਚ ਹੋਇਆ। 'ਸਾਹਿਤਕ ਪੱਤਰਕਾਰੀ' ਨੂੰ ਅੰਗਰੇਜ਼ੀ ਵਿੱਚ literary journalism ਕਿਹਾ ਜਾਂਦਾ ਹੈ , ਕਿਉਂਕਿ ਇਹ ਸਾਹਿਤ( litrature) ਅਤੇ ਪੱਤਰਕਾਰੀ(journalism) ਦਾ ਸੰਯੁਕਤ ਜਾਂ ਮਿਲਿਆ ਰੂਪ ਹੈ। ਸਾਹਿਤਕ ਪੱਤਰਕਾਰੀ (literary journalism) ਨੂੰ ਪੱਛਮ ਵਿੱਚ ਕਈ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਜਿਵੇਂ ਕਿ ਨਵੀਂ ਪੱਤਰਕਾਰੀ ( New journalism), ਬਿਰਤਾਂਤਕ ਪੱਤਰਕਾਰੀ ( Narrative journalism) ਅਤੇ ਗ਼ੈਰ ਗਲਪੀ ਨਾਵਲ ( non-fiction journalism) । ਪੱਛਮ ਵਿੱਚ ਸਭ ਤੋਂ ਪਹਿਲਾਂ ਅਮਰੀਕਾ ਤੋਂ ਇਸ ਨਵੀਂ ਵਿਧਾ ਦਾ ਮੁੱਢ ਬੱਝਿਆ। ਜਿਸਦੇ ਕਈ ਕਾਰਨ ਸਨ।

1960 ਤੋਂ ਬਾਅਦ ਅਮਰੀਕਾ ਇਕ ਬਹੁਤ ਵੱਡੇ ਬਦਲਾਅ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਜਿਸ ਕਾਰਨ ਬਹੁਤ ਸਾਰੀ ਗੜਬੜੀ ਅਤੇ ਅਸ਼ਾਂਤੀ ਦਾ ਮਾਹੌਲ ਪੈਦਾ ਹੋ ਗਿਆ ਸੀ। ਅਮਰੀਕਾ ਵਿੱਚ ਇਹਨਾਂ ਬਦਲੇ ਹਾਲਤਾਂ ਦੇ ਕਈ ਕਾਰਨ ਸਨ ਜਿਵੇਂ ਕਿ ਅਮਰੀਕੀ ਰਾਸ਼ਟਰਪਤੀ ਜੋਹਨ ਐਫ. ਕੈਨੇਡੀ ਦੀ ਮੌਤ , ਵਿਅਤਨਾਮ ਵਿਚਲੇ ਯੁੱਧ ਖਿਲਾਫ਼ ਅਮਰੀਕੀ ਵਿਦਿਆਰਥੀਆਂ ਦਾ ਵਿਦਰੋਹ ਅਤੇ ਇਸਦੇ ਨਾਲ ਹੀ ਕਾਲੇ ਅਮਰੀਕੀਆਂ ਵਲੋਂ ਵੀ ਬਰਾਬਰੀ ਦੇ ਮੁੱਦੇ ਨੂੰ ਲੈ ਕੇ ਹਿੰਸਕ ਕਾਰਵਾਈਆਂ ਕੀਤੀਆਂ ਜਾ ਰਹੀਆਂ ਸਨ। ਅਜਿਹੇ ਸਮੇਂ ਵਿੱਚ ਲੋਕਾਂ ਵਿੱਚ ਅਰਾਜਕਤਾ ਵਧਣ ਦਾ ਖ਼ਤਰਾ ਪੈਦਾ ਹੋ ਗਿਆ ਸੀ। ਇਸੇ ਦੌਰ ਵਿੱਚ ਹੀ ਅਮਰੀਕਾ ਵਿੱਚ ਟੈਲੀਵਿਜ਼ਨ ਆਮ ਲੋਕਾਂ ਦੀ ਪਹੁੰਚ ਵਿਚ ਆ ਗਿਆ ਸੀ। ਇਸਦੇ ਨਾਲ ਹੀ ਬਿਜਲਈ ਮੀਡੀਏ ਦੇ ਵਿਕਾਸ ਨਾਲ ਪ੍ਰਿੰਟ ਮੀਡੀਏ ਭਾਵ ਸਮਾਚਾਰ ਪੱਤਰਾਂ ਅਤੇ ਪੱਤਰਕਾਵਾਂ ਲਈ ਆਪਣੀ ਸਿਰਜਣਾਤਮਕ ਅਤੇ ਰਚਨਾਤਮਕ ਸਮਰੱਥਾ ਨੂੰ ਸਿੱਧ ਕਰਨ ਦੀ ਚਣੌਤੀ ਪੇਸ਼ ਹੋ ਰਹੀ ਸੀ। ਇਹਨਾਂ ਅਦਾਰਿਆਂ ਨਾਲ ਸੰਬੰਧਿਤ ਪੱਤਰਕਾਰ ਅਤੇ ਲੇਖਕ ਪਹਿਲਾਂ ਹੀ ਸਾਰੇ ਹਾਲਤਾਂ ਦਾ ਬੜੇ ਗਹੁ ਨਾਲ ਵਿਚਾਰ ਅਤੇ ਚਿੰਤਨ ਕਰ ਰਹੇ ਸਨ। ਇਸ ਦੌਰ ਵਿੱਚ ਹੀ ਪੱਛਮ ਵਿੱਚ ਨਵੀਂ ਪੱਤਰਕਾਰੀ ਜਾਂ ਸਾਹਿਤਕ ਪੱਤਰਕਾਰੀ ਦਾ ਆਗ਼ਾਜ਼ ਹੁੰਦਾ ਹੈ , ਤਾਂ ਕਿ ਪਾਠਕਾਂ ਦੀ ਪੱਤਰਾਂ ਅਤੇ ਪੱਤਰਕਾਵਾਂ ਸੰਬੰਧੀ ਦਿਲਚਸਪੀ ਨੂੰ ਵਧਾਇਆ ਜਾਵੇ। ਜਦੋਂ ਪੱਤਰਕਾਰੀ ਦੀ ਗ਼ੈਰ ਗਲਪੀ ਵਿਧਾ ਕਿਸੇ ਸੱਚੀ ਘਟਨਾ ਦਾ ਸਾਹਿਤ ਦੀਆਂ ਗਲਪ ਜੁਗਤਾਂ ਨੂੰ ਵਰਤਦੇ ਹੋਏ ਪਾਠਕਾਂ ਨੂੰ ਬੋਧ ਕਰਵਾਉਂਦੀ ਹੈ ਤਾਂ ਇਸ ਨੂੰ ਸਾਹਿਤਕ ਪੱਤਰਕਾਰੀ ਕਿਹਾ ਜਾਂਦਾ ਹੈ। ਐੱਡ ਐਪਲੀਗੇਟ ( edd applegate) ਸਾਹਿਤਕ ਪੱਤਰਕਾਰੀ ਨੂੰ ਇੰਝ ਪਰਿਭਾਸ਼ਿਤ ਕਰਦੇ ਹਨ , "ਸਾਹਿਤਕ ਪੱਤਰਕਾਰੀ ਲਿਖਤ ਦਾ ਉਹ ਤਰੀਕਾ ਹੈ ਜਿਸ ਵਿਚ ਗਲਪ ਦੀਆਂ ਸਾਹਿਤਕ ਤਕਨੀਕਾਂ ਦੀ ਵਰਤੋਂ, ਪੱਤਰਕਾਰੀ ਤਕਨੀਕਾਂ ਜੋ ਕਿ ਗ਼ੈਰ ਗਲਪੀ ਹਨ , ਵਿਚ ਕੀਤੀ ਜਾਂਦੀ ਹੈ। ਥੋੜੇ ਸ਼ਬਦਾਂ ਵਿਚ ਜੇ ਕਿਹਾ ਜਾਵੇ ਤਾਂ ਪੱਤਰਕਾਰ ਕਿਸੇ ਸੱਚੀ ਘਟਨਾ ਨੂੰ ਸਾਹਿਤਕ ਤਰੀਕਿਆਂ ਦੀ ਵਰਤੋਂ ਕਰਕੇ ਭਾਵਨਾਤਮਕ ਅਤੇ ਨਾਟਕੀ ਰੂਪ ਵਿਚ ਪੇਸ਼ ਕਰਦਾ ਹੈ।"[6]

ਪੱਛਮੀ ਸਾਹਿਤ ਵਿੱਚ ਵੀ ਸਾਹਿਤਕ ਪੱਤਰਕਾਰੀ ਨੂੰ ਵਾਦ-ਵਿਵਾਦ ਅਤੇ ਬਹਿਸ ਦਾ ਮੁੱਦਾ ਮੰਨਿਆ ਜਾਂਦਾ ਹੈ। ਪਹਿਲੇ ਪੱਖ ਦਾ ਮੰਨਣਾ ਹੈ ਕਿ ਜਦੋਂ ਸਾਹਿਤ ਅਤੇ ਪੱਤਰਕਾਰੀ ਨੂੰ ਸੰਯੁਕਤ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਤਾਂ ਉਸ ਸਮਿਸ਼ਰਣ ਦਾ ਅਹਿਮ ਭਾਗ ਸਾਹਿਤ ਹੀ ਹੋਵੇਗਾ। ਜਦੋਂ ਕਿ ਦੂਜੇ ਪੱਖ ਦਾ ਮੰਨਣਾ ਹੈ ਕਿ ਇਹ ਪੱਤਰਕਾਰੀ ਹੈ ਜਿਸ ਅੰਦਰ ਸਾਹਿਤ ਦੀਆਂ ਤਕਨੀਕਾਂ ਵਰਤੀਆਂ ਗਈਆਂ ਹਨ।

ਜ਼ਿਆਦਾਤਰ ਪੱਛਮੀ ਵਿਦਵਾਨਾਂ ਦਾ ਮੰਨਣਾ ਹੈ ਕਿ ਸਾਹਿਤਕ ਪੱਤਰਕਾਰੀ ਸਾਹਿਤ ਅਤੇ ਪੱਤਰਕਾਰੀ ਦੋਹਾਂ ਨੂੰ ਸਾਂਝੇ ਰੂਪ ਵਿੱਚ ਵਰਤਦੇ ਹੋਏ ਵੀ ਦੋਹਾਂ ਤੋਂ ਕਾਫ਼ੀ ਭਿੰਨ ਹੈ। ਇਸ ਵਿੱਚ ਨਾ ਤਾਂ ਸਾਹਿਤਕਾਰ ਵਾਂਗ ਇਕਾਂਤਵਾਸ ਵਿੱਚ ਲੇਖਕ ਰਹਿੰਦਾ ਹੈ ਅਤੇ ਨਾ ਹੀ ਪੱਤਰਕਾਰ ਵਾਂਗ ਸਿਰਫ ਉੱਪਰਲੀ ਪੜ੍ਹਤਾਲ ਕਰਕੇ ਰੀਪੋਰਟਿੰਗ ਕਰਦਾ ਹੈ। ਬਲਕਿ ਇਹ ਕੰਮ ਦੋਵਾਂ ਦੇ ਮੁਕਾਬਲੇ ਜ਼ਿਆਦਾ ਵਕਤ ਲੈਣ ਵਾਲਾ , ਜ਼ਿਆਦਾ ਮਿਹਨਤ ਵਾਲਾ ਅਤੇ ਜ਼ਿਆਦਾ ਵਰਣਨ ਕਰਨ ਵਾਲਾ ਹੁੰਦਾ ਹੈ। ਪੱਤਰਕਾਰ ਨੂੰ ਸਾਹਿਤਕ ਪੱਤਰਕਾਰੀ ਦੀ ਰੀਪੋਰਟਿੰਗ ਕਰਨ ਲਈ ਕਈ-ਕਈ ਦਿਨ, ਹਫ਼ਤੇ ਅਤੇ ਕਈ ਵਾਰ ਮਹੀਨਿਆਂ ਲਈ ਆਪਣੇ ਵਿਸ਼ੇ ਨਾਲ ਸੰਬੰਧਿਤ ਮਾਹੌਲ ਵਿਚ ਅਤੇ ਲੋਕਾਂ ਨਾਲ ਰਹਿਣਾ ਪੈਂਦਾ ਹੈ। ਇਸ ਸੰਬੰਧ ਵਿੱਚ ਮਸ਼ਹੂਰ ਵਿਦਵਾਨ ਨੌਰਮਨ ਸਿਮਸ ( Norman Sims) ਜਿਨ੍ਹਾਂ ਦੀਆ ਸਾਹਿਤਕ ਪੱਤਰਕਾਰੀ ਸੰਬੰਧੀ ਕਾ ਫ਼ੀ ਰਚਨਾਵਾਂ ਮਿਲਦੀਆਂ ਹਨ ਦਾ ਕਥਨ ਹੈ, "ਸਾਹਿਤਕ ਪੱਤਰਕਾਰ ਆਪਣੇ ਖੁਦ ਦੇ ਨਿਯਮ ਸਥਾਪਿਤ ਕਰਦੇ ਹਨ। ਆਮ ਪੱਤਰਕਾਰਾਂ ਨਾਲੋਂ ਉਹਨਾਂ ਦਾ ਕੰਮ ਵਧੇਰੇ ਗੁੰਝਲਦਾਰ ਅਤੇ ਮੁਸ਼ਕਲ ਹੁੰਦਾ ਹੈ।"[7]

ਇਸ ਪ੍ਰਕਾਰ ਪੱਛਮੀ ਸਾਹਿਤਕ ਪੱਤਰਕਾਰ ਦੋ ਰੂਪਾਂ ਨੂੰ ਇਕੱਠਾ ਕਰਦੇ ਹਨ। ਇਹ ਆਮ ਲੋਕਾਂ ਦੇ ਕੰਮ , ਵਿਹਾਰ ਅਤੇ ਰੋਜ਼ ਮਰ੍ਹਾਂ ਦੀ ਜ਼ਿੰਦਗੀ ਵਿੱਚ ਵਿਚਰਨ ਸੰਬੰਧੀ ਰਿਪੋਰਟਿੰਗ ਕਰਦੇ ਹਨ , ਅਤੇ ਇਸ ਨਤੀਜੇ ਤੇ ਪਹੁੰਚਦੇ ਹਨ ਕਿ ਇਹਨਾਂ ਦੀ ਜ਼ਿੰਦਗੀ ਵਿੱਚ ਜ਼ਿਆਦਾ ਡਰਾਮਾ ਅਤੇ ਤਜ਼ਰਬਾ ਹੈ। ਪਾਠਕਾਂ ਵਿੱਚ ਕਿਸੇ ਕਾਲਪਨਿਕ ਕਹਾਣੀ ਨਾਲੋਂ ਸੱਚੀ ਘਟਨਾ ਜਿਸ ਨੂੰ ਸਾਹਿਤਕ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ , ਸੰਬੰਧੀ ਜਾਣਣ ਦੀ ਜ਼ਿਆਦਾ ਉਤਸੁਕਤਾ ਅਤੇ ਦਿਲਚਸਪੀ ਹੁੰਦੀ ਹੈ। ਸੋਂਜਾ ਮਰਲਜਾਕ ਜ਼ਡੋਵਕ ( Sonja Marljak Zdovc) ਦਾ ਸਾਹਿਤਕ ਪੱਤਰਕਾਰੀ ਸੰਬੰਧੀ ਮਤ ਹੈ , "ਸਾਹਿਤਕ ਪੱਤਰਕਾਰੀ ਸੂਚਨਾਤਮਕ ਪਰਿਵਾਰ ਦੀ ਇਕ ਅਜਿਹੀ ਸ਼ਾਖਾ ਹੈ ਜਿਹੜੀ ਪੱਤਰਕਾਰੀ ਦੀਆਂ ਸੱਚੀਆਂ ਘਟਨਾਵਾਂ ਅਤੇ ਤੱਥਾਂ ਦਾ ਸਾਹਿਤਕ ਢੰਗ ਨਾਲ ਸੰਚਾਰ ਕਰਦੀ ਹੈ। ਸਾਹਿਤਕ ਪੱਤਰਕਾਰੀ ਕਿਸੇ ਸੱਚੀ ਘਟਨਾ ਵਾਲੇ ਲੇਖ ਨੂੰ ਨਾਵਲੀ ਤਕਨੀਕਾਂ ਦੀ ਵਰਤੋਂ ਕਰਕੇ ਕਹਾਣੀ ਵਾਂਗ ਪੇਸ਼ ਕਰਦੀ ਹੈ।"[8]

ਇਸ ਪ੍ਰਕਾਰ 'ਸਾਹਿਤਕ ਪੱਤਰਕਾਰੀ' ਪੱਛਮੀ ਮੁਲਕਾਂ ਵਿੱਚ ਕਈ ਦਹਾਕੇ ਪਹਿਲਾਂ ਇਕ ਅਲੱਗ ਵਿਧਾ ਵਜੋਂ ਵਿਕਸਤ ਹੋ ਚੁੱਕੀ ਹੈ ਅਤੇ ਇਸ ਨਾਲ ਸੰਬੰਧਿਤ ਕੋਰਸ ਅਤੇ ਸੰਸਥਾਵਾਂ ਵੀ ਹੋਂਦ ਵਿਚ ਆ ਚੁੱਕੀਆਂ ਹਨ। ਪਰ ਪੰਜਾਬੀ ਸਾਹਿਤਕ ਪੱਤਰਕਾਰੀ ਹਾਲੇ ਆਪਣੇ ਆਰੰਭਲੇ ਪੜ੍ਹਾਅ ਉੱਤੇ ਹੈ। ਜਿਸ ਦੀਆਂ ਅੱਗੇ ਭਵਿੱਖ ਵਿੱਚ ਚੰਗੀਆਂ ਸੰਭਾਵਨਾਵਾਂ ਮੌਜੂਦ ਹਨ। ਪੰਜਾਬੀ ਵਿੱਚ ਐਤਵਾਰ ਦੇ ਸਮਾਚਾਰ ਪੱਤਰਾਂ ਵਿੱਚ ਛਪਣ ਵਾਲੀਆਂ ਸੰਪਾਦਕੀਆਂ ਸਾਹਿਤਕ ਪੱਤਰਕਾਰੀ ਦੀ ਅੰਤਰਰਾਸ਼ਟਰੀ ਪੱਧਰ ਉੱਤੇ ਪ੍ਰਮਾਣਿਤ ਪਰਿਭਾਸ਼ਾ ਦੀ ਸਭ ਤੋਂ ਵੱਡੀ ਮਿਸਾਲ ਹਨ। ਪੰਜਾਬੀ ਦੇ ਕਈ ਅ ਖ਼ਬਾਰਾਂ ਦੇ ਸੰਪਾਦਕ ਜਿਹੜੇ ਕਿ ਚੰਗੇ ਸਾਹਿਤਕਾਰ ਵੀ ਹਨ ਜਿਵੇਂ ਕਿ ਬਰਜਿੰਦਰ ਸਿੰਘ ਹਮਦਰਦ , ਵਰਿੰਦਰ ਸਿੰਘ ਵਾਲੀਆ, ਗੁਰਬਚਨ ਸਿੰਘ ਭੁੱਲਰ , ਹਰਭਜਨ ਹਲਵਾਰਵੀ , ਸਿੱਧੂ ਦਮਦਮੀ , ਬਲਜੀਤ ਬਰਾੜ ਆਦਿ ਦੀਆ ਸੰਪਾਦਕੀਆਂ ਦੀ ਉਹਨਾਂ ਨੂੰ ਪੜ੍ਹਨ ਵਾਲੇ ਪਾਠਕ ਬੜੀ ਬੇਸਬਰੀ ਨਾਲ ਉਡੀਕ ਕਰਦੇ ਹਨ। ਡਾ. ਨਰਿੰਦਰ ਸਿੰਘ ਕਪੂਰ ਆਪਣੇ ਖੋਜ ਪ੍ਰਬੰਧ 'ਪੰਜਾਬੀ ਪੱਤਰਕਾਰੀ ਦਾ ਵਿਕਾਸ' ਵਿੱਚ ਸੰਪਾਦਕੀ ਲੇਖਾਂ ਸੰਬੰਧੀ ਲਿਖਦੇ ਹਨ " ਸੰਸਾਰ ਦੇ ਪ੍ਰਸਿੱਧ ਪੱਤਰ ਆਪਣੇ ਸੰਪਾਦਕੀ ਪੰਨੇ ਉਤੇ ਛਪਦੇ ਵਿਚਾਰਾਂ ਅਤੇ ਉਨ੍ਹਾਂ ਦੀ ਪੇਸ਼ਕਾਰੀ ਸਦਕਾ ਹੀ ਪ੍ਰਸਿੱਧ ਹੁੰਦੇ ਹਨ। ਜਿੰਨੇ ਹੌਂਸਲੇ ਤੇ ਵਿਸ਼ਵਾਸ ਨਾਲ ਸੰਪਾਦਕੀ ਲਿਖਿਆ ਜਾਂਦਾ ਹੈ , ਉਨੇ ਹੀ ਜੋਸ਼ ਅਤੇ ਉਤਸ਼ਾਹ ਨਾਲ ਪੜ੍ਹਿਆ ਜਾਂਦਾ ਹੈ।"[9]

ਇਸ ਪ੍ਰਕਾਰ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਨੂੰ ਪਰਿਭਿਸ਼ਤ ਕਰਨ ਵਾਲਾ ਦੂਜਾ ਸਕੂਲ ਉਹ ਹੈ ਜੋ ਪੱਛਮੀ ਸਾਹਿਤਕ ਪੱਤਰਕਾਰੀ ਦਾ ਹਮਾਇਤੀ ਹੈ। ਇਸ ਪ੍ਰਕਾਰ ਇਹ ਵਿਦਵਾਨ ਅੰਤਰਰਾਸ਼ਟਰੀ ਪੱਧਰ ਉਤੇ 'ਸਾਹਿਤਕ ਪੱਤਰਕਰੀ' ਦੀ ਸਵੀਕਾਰ ਕੀਤੀ ਪਰਿਭਾਸ਼ਾ ਅਤੇ ਮੱਤ ਦੇ ਧਾਰਨੀ ਹਨ।

ਪੱਛਮੀ ਸਾਹਿਤਕ ਪੱਤਰਕਾਰੀ ਦੇ ਸਰੋਕਾਰ ਅਤੇ ਵਿਸ਼ੇਸ਼ਤਾਵਾਂ ਭਾਰਤੀ ਹਿੰਦੀ ਸਾਹਿਤਕ ਪੱਤਰਕਾਰੀ ਦੇ ਸਰੋਕਾਰਾਂ ਅਤੇ ਵਿਸ਼ੇਸ਼ਤਾਵਾਂ ਨਾਲੋਂ ਭਿੰਨ ਹਨ। 'ਪੰਜਾਬੀ ਸਾਹਿਤਕ ਪੱਤਰਕਾਰੀ ' ਦੇ ਇਸ ਸਕੂਲ ਦੇ ਸਰੋਕਾਰ ਜ਼ਿਆਦਾਤਰ ਪੱਤਰਕਾਰੀ ਦੇ ਨੇੜੇ ਹਨ। ਪੱਤਰਕਾਰੀ ਦਾ ਮੁੱਖ ਉਦੇਸ਼ ਕਿਸੇ ਸੱਚੀ ਘਟਨਾ ਦੀ ਜਾਣਕਾਰੀ ਜਾਂ ਬੋਧ ਪਾਠਕਾਂ ਨੂੰ ਕਰਵਾਉਣਾ ਹੁੰਦਾ ਹੈ। ਬਸ ਫ਼ਰਕ ਸਿਰਫ਼ ਏਨਾ ਹੈ ਕਿ ਸੂਚਨਾ ਜਾਂ ਖ਼ਬਰ ਗਲਪੀ ਜੁਗਤਾਂ ਨੂੰ ਵਰਤ ਕੇ ਦਿਲਚਸਪ ਰੂਪ ਵਿੱਚ ਪੇਸ਼ ਕੀਤੀ ਜਾਂਦੀ ਹੈ। ਜਿਵੇਂ ਕਿ ਸਾਹਿਤ ਦੀ ਭਾਸ਼ਾ ਦੀ ਸਮਝ ਘੱਟ ਪੜ੍ਹੇ ਲਿਖੇ ਲਈ ਮੁਸ਼ਕਲ ਹੈ ਪਰ ਸਮਾਚਾਰ ਪੱਤਰ ਤਾਂ ਸਿਰਫ ਕੁਝ ਜਮਾਤਾਂ ਪੜ੍ਹ ਕੇ ਪੰਜਾਬੀ ਸਿੱਖਿਆ ਸ਼ਖ਼ਸ ਵੀ ਪੜ੍ਹ ਸਕਦਾ ਹੈ। ਸਾਹਿਤਕ ਪੱਤਰਕਾਰੀ ਵਿੱਚ ਵੀ ਭਾਸ਼ਾ ਉੱਪਰ ਖਾਸ ਤਵੱਜੋ ਦਿੱਤੀ ਜਾਂਦੀ ਹੈ। ਭਾਸ਼ਾ ਸਾਹਿਤਕ ਤਾਂ ਹੁੰਦੀ ਹੈ ਪਰ ਨਾਲ ਹੀ ਬਿਲਕੁਲ ਸਰਲ ਵੀ।

ਦੂਜੇ ਸਕੂਲ ਦੁਆਰਾ ਪ੍ਰਮਾਣਿਤ ਸਾਹਿਤਕ ਪੱਤਰਕਾਰੀ ਦੇ ਸਰੋਕਾਰਾਂ ਸੰਬੰਧੀ
ਚਰਚਾ ਕਰਨ ਤੋਂ ਬਾਅਦ ਇਸ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ:-

- ਸਾਹਿਤਕ ਪੱਤਰਕਾਰੀ ਸੂਚਨਾ-ਮੁਖੀ ਅਤੇ ਵਿਚਾਰ-ਮੁੱਖੀ ਹੁੰਦੀ ਹੈ।

*Corresponding Author: ਸੁਖਦੀਪ ਕੌਰ 

- ਸਾਹਿਤਕ ਪੱਤਰਕਾਰੀ ਵਿੱਚ ਸਾਹਿਤ ਦਾ ਸੁਹਜ ਅਤੇ ਕਲਾਤਮਕਤਾ ਹੁੰਦੀ ਹੈ।
- ਸਾਹਿਤਕ ਪੱਤਰਕਾਰੀ ਉਹ ਹੈ ਜੋ ਕਿਸੇ ਆਮ ਵਾਪਰੀ ਘਟਨਾ ਪਿਛੇ ਲੁਕੀ ਅਸਚਰਜ ਸਚਾਈ ਨੂੰ ਪੇਸ਼ ਕਰਦੀ ਹੈ।
- ਸਾਹਿਤਕ ਪੱਤਰਕਾਰੀ ਵਿੱਚ 'ਸੱਚ ਅਧਾਰਿਤ ਜਾਣਕਾਰੀ ਵਾਲਾ ਅੰਸ਼' ਪ੍ਰਮੁੱਖ ਹੁੰਦਾ ਹੈ ਅਤੇ ਪੇਸ਼ਕਾਰੀ ਸਾਹਿਤਕ ਹੁੰਦੀ ਹੈ।
- ਪੱਤਰਕਾਰੀ ਰਚਨਾਤਮਿਕ ਕਲਬੂਤ ਹੈ ਅਤੇ ਸਾਹਿਤਕ ਪੱਤਰਕਾਰੀ, ਪੱਤਰਕਾਰੀ ਦੀ ਰੂਹ ਹੈ।
- ਸਾਹਿਤਕ ਪੱਤਰਕਾਰੀ ਜਿੱਥੇ ਆਮ ਗਿਆਨ ਵਿਚ ਵਾਧਾ ਕਰਦੀ ਹੈ ਉਥੇ ਸਾਮਜਕ, ਸਭਿਆਚਾਰਕ ਚੇਤਨਾ ਵੀ ਪੈਦਾ ਕਰਦੀ ਹੈ ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸਾਹਿਤਕ ਪੱਤਰਕਾਰੀ ਸਾਹਿਤ ਅਤੇ ਪੱਤਰਕਾਰੀ ਦਾ ਸੁਮੇਲ ਹੈ । ਇਹ ਇਕ ਨਵੀਂ ਪ੍ਰਕਾਰ ਦਾ ਸਾਹਿਤ ਰੂਪ ਹੈ, ਜੋ ਪਾਠਕਾਂ ਨੂੰ ਸੂਚਨਾ ਵੀ ਪ੍ਰਦਾਨ ਕਰਦਾ ਹੈ ਅਤੇ ਸੁਹਜ ਅਤੇ ਸਵਾਦ ਵੀ ਦਿੰਦਾ ਹੈ। ਇੰਞ ਪ੍ਰਤੀਤ ਹੁੰਦਾ ਹੈ ਜਿਵੇਂ ਪੱਤਰਕਾਰੀ 'ਸਾਹਿਤਕ ਪੱਤਰਕਾਰੀ' ਦੀ ਆਤਮਾ ਹੈ ਅਤੇ ਸਾਹਿਤ ਉਸਦਾ ਕਲਬੂਤ ਜਾਂ ਸਰੀਰ।

ਪਰ ਹੁਣ ਸਭ ਤੋਂ ਅਹਿਮ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਹਿਤ ਦੇ ਇਸ ਨਵੇਂ ਰੂਪ ਨੂੰ ਕਿਸ ਵਿਧਾ ਦੇ ਅਧੀਨ ਸਵੀਕਾਰ ਕੀਤਾ ਜਾਵੇ। ਇਸ ਲਈ ਜ਼ਰੂਰੀ ਹੈ ਕਿ ਸਾਹਿਤ ਦੇ ਬਾਕੀ ਰੂਪਾਂ ਸੰਬੰਧੀ ਵੀ ਚਰਚਾ ਕੀਤੀ ਜਾਵੇ। ਸਾਹਿਤ ਨੂੰ ਅੱਡ- ਅੱਡ ਵਿਧਾਵਾਂ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ। ਜੇਕਰ ਇਨ੍ਹਾਂ ਵਿਧਾਵਾਂ ਦੀ ਵੰਡ ਦੋ ਅੱਡ-ਅੱਡ ਖੇਤਰਾਂ ਵਿੱਚ ਕਰ ਦਿੱਤੀ ਜਾਵੇ ਤਾਂ ਪਹਿਲੇ ਖੇਤਰ ਅਧੀਨ ਉਹ ਸਾਹਿਤ ਰੂਪ ਆਉਦੇਂ ਹਨ ਜਿਹੜੇ ਕਿ ਕਲਪਨਾ ਮੁੱਖੀ ਹੁੰਦੇ ਹਨ , ਜਿਵੇਂ ਕਿ ਨਾਵਲ , ਨਾਟਕ, ਕਹਾਣੀ ਅਤੇ ਕਵਿਤਾ। ਇਹਨਾਂ ਸਾਹਿਤ ਰੂਪਾਂ ਅੰਦਰ ਕਲਪਨਾ ਨੀਂਹ ਦਾ ਕੰਮ ਕਰਦੀ ਹੈ ਅਤੇ ਬਾਕੀ ਸਾਰੇ ਪੱਖ ਉਸਾਰੀ ਦੌਰਾਨ ਇੱਟਾਂ ਵਾਂਗ ਚਿਣੇ ਜਾਂਦੇ ਹਨ।

ਦੂਸਰੇ ਖੇਤਰ ਅਧੀਨ ਕਲਪਨਾ ਰਹਿਤ ਸਾਹਿਤ ਰੂਪਾਂ ਨੂੰ ਰੱਖਿਆ ਜਾਂਦਾ ਹੈ। ਜਿਸ ਦੇ ਅੰਤਰਗਤ ਵਾਰਤਕ ਦੀਆਂ ਅਲਗ ਅਲਗ ਵਿਧਾਵਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ , ਜਿਵੇਂ ਕਿ ਨਿਬੰਧ , ਸਫ਼ਰਨਾਮਾ, ਜੀਵਣੀ, ਸਵੈਜੀਵਣੀ, ਡਾਇਰੀ, ਰੇਖਾ ਚਿੱਤਰ ਆਦਿ। ਇਹਨਾਂ ਵਿਧਾਵਾਂ ਵਿੱਚ ਕਲਪਨਾ ਨਹੀਂ ਬਲਕਿ ਸੱਚ ਬਿਆਨ ਕੀਤਾ ਜਾਂਦਾ ਹੈ। ਉਹ ਸੱਚ ਜੀਵਣੀ, ਸਵੈ-ਜੀਵਣੀ ਅਤੇ ਰੇਖਾ-ਚਿੱਤਰ ਵਿੱਚ ਪ੍ਰਗਟ ਕਿਸੇ ਸ਼ਖ਼ਸੀਅਤ ਬਾਰੇ ਹੋ ਸਕਦਾ ਹੈ, ਨਿਬੰਧ ਵਿੱਚ ਕਿਸੇ ਵਿਸ਼ੇ ਬਾਰੇ ਪ੍ਰਗਟ ਕੀਤਾ ਸੱਚ ਹੋ ਸਕਦਾ ਹੈ ਅਤੇ ਸਫ਼ਰਨਾਮੇ ਵਿੱਚ ਬਿਆਨ ਕਿਸੇ ਸਥਾਨ ਦਾ ਸੱਚ ਵੀ ਹੋ ਸਕਦਾ ਹੈ। ਇਸ ਪ੍ਰਕਾਰ ਵਾਰਤਕ ਦੀਆਂ ਸਾਰੀਆਂ ਵਿਧਾਵਾਂ ਦੇ ਰੀੜ੍ਹ ਦੀ ਹੱਡੀ ਇਹ ਸੱਚ ਹੀ ਹੈ। ਬੱਸ ਫ਼ਰਕ ਸਿਰਫ ਪੇਸ਼ਕਾਰੀ , ਸ਼ੈਲੀ ਅਤੇ ਬਿਆਨੀਆ ਢੰਗ ਦਾ ਹੋ ਸਕਦਾ ਹੈ।

ਪੰਜਾਬੀ ਦੀ ਸਾਹਿਤਕ ਪੱਤਰਕਾਰੀ ਵਿੱਚ ਵੀ ਇਹ ਗੁਣ ਦੇਖਿਆ ਜਾ ਸਕਦਾ ਹੈ। ਸਾਹਿਤਕ ਪੱਤਰਕਾਰੀ ਵਿੱਚ ਵੀ ਲੇਖਕ ਕਿਸੇ ਸ਼ਖ਼ਸੀਅਤ ਬਾਰੇ, ਵਿਸ਼ੇ ਬਾਰੇ ਅਤੇ ਸਥਾਨ ਬਾਰੇ ਸੱਚੇ ਤੱਥ ਹੀ ਪਾਠਕਾਂ ਦੇ ਸਨਮੁੱਖ ਰੱਖਦਾ ਹੈ। ਪੰਜਾਬੀ ਅਖ਼ਬਾਰਾਂ ਦੇ ਐਤਵਾਰੀ ਅੰਕ ਵਿੱਚ ਛਪਣ ਵਾਲੇ ਸੰਪਾਦਕੀ ਲੇਖ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਦੀ ਉਦਾਹਰਣ ਹਨ। ਜੇਕਰ ਸਾਹਿਤਕ ਪੱਤਰਕਾਰੀ ਆਪਣੀ ਪੇਸ਼ਕਾਰੀ ਦਾ ਮਾਧਿਅਮ ਅਖ਼ਬਾਰਾਂ ਨੂੰ ਬਣਾਉਂਦੀ ਹੈ ਤਾਂ ਵਾਰਤਕ ਦੀਆਂ ਬਾਕੀ ਵਿਧਾਵਾਂ ਵੀ ਅਕਸਰ ਅਖ਼ਬਾਰਾਂ ਦੇ ਐਤਵਾਰੀ ਅੰਕ ਵਿੱਚ ਛਪਦੀਆਂ ਰਹਿੰਦੀਆਂ ਹਨ, ਜਿਵੇਂ ਕਿ ਨਿਬੰਧ, ਡਾਇਰੀ, ਸਫ਼ਰਨਾਮਾ ਆਦਿ। ਇਹੀ ਕਾਰਨ ਹੈ ਕਿ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਪੰਜਾਬੀ ਸਾਹਿਤ ਵਿੱਚ ਉਤੱਮ ਜਗ੍ਹਾ ਵਾਰਤਕ ਰੂਪ ਵਿੱਚ ਹੀ ਹੈ। ਇਹ ਨਵੀਂ ਵਿਧਾ ਪੰਜਾਬੀ ਵਾਰਤਕ ਨੂੰ ਤਾਜ਼ਗੀ ਅਤੇ ਸੱਜਰਾਪਣ ਬਖ਼ਸ਼ਦੀ ਹੈ।

ਸੰਪਾਦਕੀਆਂ ਦੀ ਰਚਨਾ ਕਰਨ ਵਾਲਾ ਰਚਨਾਕਾਰ ਜਾਂ ਸੰਪਾਦਕ ਇਕੋ ਸਮੇਂ ਉਤੇ ਸਾਹਿਤਕਾਰ ਅਤੇ ਪੱਤਰਕਾਰ ਦੋਹਾਂ ਦੀ ਭੂਮਿਕਾ ਨਿਭਾ ਰਿਹਾ ਹੁੰਦਾ ਹੈ। ਅਖ਼ਬਾਰ ਜਨ-ਸੰਚਾਰ ਦਾ ਸਭ ਤੋਂ ਉੱਤਮ ਅਤੇ ਅਹਿਮ ਹਿੱਸਾ ਹਨ। ਭਾਵੇਂ ਕਿ ਰੇਡੀਓ ਅਤੇ ਟੈਲੀਵਿਜ਼ਨ ਵੀ ਜਨ-ਸੰਚਾਰ ਵਿਚ ਬਹੁਤ ਅਹਿਮੀਅਤ ਰੱਖਦੇ ਹਨ ਪਰ ਫਿਰ ਵੀ ਹਰ ਸਮਾਜ ਦਾ ਪੜ੍ਹਿਆ ਲਿਖਿਆ ਵਰਗ ਆਪਣੇ ਦਿਨ ਦੀ ਸ਼ੁਰੂਆਤ ਅਖ਼ਬਾਰ ਪੜ੍ਹ ਕੇ ਹੀ ਕਰਦਾ ਹੈ। ਹਰ ਲਿਖਿਆ ਸ਼ਬਦ ਸਾਹਿਤ ਨਹੀਂ ਹੁੰਦਾ , ਇਸ ਲਈ ਲਿਖਤ ਪਾਠਾਂ ਦੀ ਸਾਹਿਤਕ ਪਾਠ ਅਤੇ ਗ਼ੈਰ-ਸਾਹਿਤਕ ਪਾਠ ਵਿੱਚ ਵੰਡ ਕੀਤੀ ਜਾਂਦੀ ਹੈ। ਅਖ਼ਬਾਰ ਗੈਰ-ਸਾਹਿਤਕ ਪਾਠ ਦੇ ਅੰਤਰਗਤ ਆਉਂਦੇ ਹਨ।

ਜਨ-ਸੰਚਾਰ ਦੀ ਭਾਸ਼ਾ ਸੂਚਨਾ-ਮੁਖੀ ਹੁੰਦੀ ਹੈ, ਇਸ ਲਈ ਗ਼ੈਰ-ਸਾਹਿਤਕ ਪਾਠਾਂ ਲਈ ਵੱਖਰੀ ਤਰ੍ਹਾਂ ਦਾ ਭਾਸ਼ਾ ਸੰਸਾਰ ਕਾਰਜਸ਼ੀਲ ਹੁੰਦਾ ਹੈ। ਡਾ. ਪਲਵਿੰਦਰ ਕੌਰ ਅਤੇ ਡਾ. ਸੁਖਵਿੰਦਰ ਸਿੰਘ ਸੰਘਾ ਜਨ-ਸੰਚਾਰ ਦੀ ਭਾਸ਼ਾ ਦੀ ਸੰਬੰਧੀ ਸਪਸ਼ਟ ਕਰਦੇ ਹਨ, "ਆਪਣੇ ਭਾਸ਼ਾਈ ਪ੍ਰਕਾਰਜ ਦੀ ਵਿਭਿੰਨਤਾ ਕਰਕੇ ਜਨ-ਸੰਚਾਰ ਮਾਧਿਅਮਾਂ ਦੀ ਭਾਸ਼ਾ ਸਾਹਿਤਕ ਅਤੇ ਆਮ ਬੋਲ-ਚਾਲ ਦੀ ਭਾਸ਼ਾ ਨਾਲੋਂ ਅਲੱਗ ਹੁੰਦੀ ਹੈ । ਜਨ-ਸੰਚਾਰ ਮਾਧਿਅਮਾਂ ਦੀ ਭਾਸ਼ਾ 'ਚ ਸੰਚਾਰ ਦੀ ਸਪਸ਼ਟਤਾ , ਸੰਖੇਪਤਾ, ਸੰਦਰਭ ਦੀ ਅਨੁਕੂਲਤਾ ਆਦਿ ਅਜਿਹੇ ਸਾਂਝੇ ਗੁਣ ਹਨ ਜੋ ਭਾਸ਼ਾ ਨੂੰ ਇਕ ਵੱਖਰੀ ਨੁਹਾਰ ਪ੍ਰਦਾਨ ਕਰਦੇ ਹਨ।"[10]

ਪਰ ਜਦੋਂ ਅਸੀਂ ਸਾਹਿਤਕ ਪੱਤਰਕਾਰੀ ਬਾਰੇ ਗੱਲ ਕਰਦੇ ਹਾਂ ਤਾਂ ਸੰਪਾਦਕੀਆਂ ਦੀ ਭਾਸ਼ਾ ਸਾਹਿਤਕ ਭਾਸ਼ਾ ਦੀ ਵੰਨਗੀ ਵਿਚ ਆਉਂਦੀ ਹੈ। ਇਸ ਪ੍ਰਕਾਰ ਪੱਤਰਕਾਰੀ ਦੀ ਪ੍ਰਤੀਬੱਧਤਾ ਦੇ ਬਾਵਜੂਦ ਸੰਪਾਦਕੀਆਂ ਦੀ ਭਾਸ਼ਾ ਅਖ਼ਬਾਰ ਦੀ ਭਾਸ਼ਾ ਤੋਂ ਵੱਖਰੀ ਹੁੰਦੀ ਹੈ। ਜਿੱਥੇ ਅਖ਼ਬਾਰ ਦੀ ਖ਼ਬਰ ਦਾ ਮਕਸਦ ਸਿਰਫ ਸੂਚਨਾ ਦਾ ਸੰਚਾਰ ਕਰਨਾ ਹੁੰਦਾ ਹੈ, ਓਥੇ ਸੰਪਾਦਕੀ ਕਿਸੇ ਘਟਨਾ ਬਾਰੇ ਵਿਚਾਰ ਜਾਂ ਟਿੱਪਣੀ ਪੇਸ਼ ਕਰਦੀ ਹੈ। ਡਾ. ਜਗਜੀਤ ਕੌਰ ਅਤੇ ਡਾ. ਮਨਜੀਤ ਸਿੰਘ ਸੰਪਾਦਕੀ ਬਾਰੇ ਵਿਚਾਰ ਪੇਸ਼ ਕਰਦੇ ਹੋਏ ਲਿਖਦੇ ਹਨ , "ਸੰਪਾਦਕੀ, ਮੂਲ ਰੂਪ ਵਿਚ ਕਿਸੇ ਘਟਨਾ ਜਾਂ ਸਮਾਚਾਰ ਉਤੇ ਤਰਕਪੂਰਨ ਟਿੱਪਣੀਆਂ ਹੀ ਹੁੰਦੀਆਂ ਹਨ। ਇ ਹ ਪੂਰੇ ਲੇਖ ਨਹੀਂ ਹੁੰਦੇ। ਲੇਕਿਨ , ਸਮਾਚਾਰ ਪੱਤਰਾਂ ਵਿਚ ਇਹ ਟਿੱਪਣੀਆਂ ਹੀ ਬਹੁਤ ਮਹੱਤਵਪੂਰਨ ਹੁੰਦੀਆਂ ਹਨ। ਸਮਾਚਰ ਨੂੰ ਪੜ੍ਹ ਕੇ ਪਾਠਕ ਸਮਾਚਾਰ ਨੂੰ ਭੁੱਲ ਸਕਦੇ ਹਨ , ਪਰ ਸੰਪਾਦਕੀ ਉਨ੍ਹਾਂ ਦੇ ਦਿਲ- ਦਿਮਾਗ ਉਤੇ ਕਾਫ਼ੀ ਲੰਮੇ ਅਰਸੇ ਤੱਕ ਛਾਈ ਰਹਿੰਦੀ ਹੈ।"[11]

ਜਿਸ ਪ੍ਰਕਾਰ ਸਾਹਿਤ ਦੇ ਬਾਕੀ ਸਾਰੇ ਰੂਪਾਂ ਵਿਚ ਲੇਖਕ ਦਾ ਵਿਅਕਤੀਗਤ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ। ਇਸੇ ਤਰ੍ਹਾਂ ਸੰਪਾਦਕੀ ਲੇਖਾਂ ਵਿਚ ਵੀ ਲੇਖਕ ਦੀ ਸ਼ਖ਼ਸੀਅਤ ਉਜਾਗਰ ਹੁੰਦੀ ਹੈ। ਸਾਹਿਤ ਦੇ ਬਾਕੀ ਰੂਪਾਂ ਜਿਵੇਂ ਨਾਵਲ , ਨਾਟਕ, ਕਹਾਣੀ, ਵਾਰਤਕ, ਕਵਿਤਾ ਸੰਬਧੀ ਜਦੋਂ ਵਿਚਾਰ ਕੀਤਾ ਜਾਂਦਾ ਹੈ ਤਾਂ ਉਹਨਾਂ ਦੀ ਸ਼ੈਲੀ , ਭਾਸ਼ਾ, ਉਦੇਸ਼, ਵਿਸ਼ਾ ਆਦਿ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸੇ ਪ੍ਰਕਾਰ ਪੰਜਾਬੀ ਦੀ ਸਾਹਿਤਕ ਪੱਤਰਕਾਰੀ ਵਿਚ ਵੀ ਸ਼ੈਲੀ, ਭਾਸ਼ਾ, ਉਦੇਸ਼, ਵਿਸ਼ਾ ਆਦਿ ਬਾਰੇ ਵੀ ਚਰਚਾ ਕੀਤੀ ਜਾਂਦੀ ਹੈ।

------ 0 ------

## ਹਵਾਲੇ ਅਤੇ ਟਿੱਪਣੀਆ

1. ਡਾ. ਰਤਨ ਸਿੰਘ ਜੱਗੀ, **ਸਾਹਿੱਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ**, ਪੰਨਾ-197.
2. ਆਲੋਕ ਮਹਿਤਾ, **ਭਾਰਤ ਮੇਂ ਪੱਤਰਕਾਰਿਤਾ**, ਪੰਨਾ-67.
3. ਸੁਰਿੰਦਰ ਸਿੰਘ ਖਹਿਰਾ, **ਪੰਜਾਬੀ ਪੱਤਰਕਾਰੀ**, ਪੰਨਾ-90.
4. ਮੇਘਾ ਸਿੰਘ, **ਪੰਜਾਬੀ ਪੱਤਰਕਾਰੀ ਦੇ ਸਾਹਿਤਕ ਸਰੋਕਾਰ**, ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ, ਪੰਨਾ-672.
5. ਅਮਰਜੀਤ ਸਿੰਘ ਵੜੈਚ , ਪਰਿਭਾਸਾ - ਸੰਕਟ ਦੇ ਸਨਮੁੱਖ ਪੰਜਾਬੀ ਸਾਹਿਤਕ ਪੱਤਰਕਾਰੀ , ਵਿਸ਼ਵ ਪੰਜਾਬੀ ਸਾਹਿਤ ਕਾਨਫ਼ਰੰਸ, ਪੰਨਾ-667.
6. Edd Applegate, **Literary journalism: A Biographical Dictionary of writers and editors**, page- xi.
7. Norman Sims, **The Literary journalism** ,page no. 2.
8. Sonja Marljak Zdovc, **Literary Journalism in United States of America and Slovenia**, page no. 9.
9. ਡਾ. ਨਰਿੰਦਰ ਸਿੰਘ ਕਪੂਰ, **ਪੰਜਾਬੀ ਪੱਤਰਕਾਰੀ ਦਾ ਵਿਕਾਸ,** ਪੰਨਾ- 291.
10. ਡਾ. ਪਲਵਿੰਦਰ ਕੌਰ ਅਤੇ ਡਾ. ਸੁਖਵਿੰਦਰ ਸਿੰਘ ਸੰਘਾ, **ਜਨ ਸੰਚਾਰ ਮਾਧਿਅਮਾਂ ਦੀ ਭਾਸ਼ਾ**, ਪੰਨਾ 34.
11. ਡਾ. ਜਗਜੀਤ ਕੌਰ ਅਤੇ ਡਾ. ਮਨਜੀਤ ਸਿੰਘ, **ਸਿਰਜਣਾਤਮਕ-ਲੇਖਣ ਅਤੇ ਜਨ-ਸੰਚਾਰ ਮਾਧਿਅਮ**, ਪੰਨਾ-72.

*Corresponding Author: ਸੁਖਦੀਪ ਕੌਰ